Punjabi

ਕੈਨੇਡਾ ਤੋਂ ਬਾਹਰ ਸਫ਼ਰ ਕਰਦੇ ਸਮੇਂ ਹੀਮਡਾਇਲਿਸਿਸ

ਇੱਕ ਸੁਰੱਖਿਅਤ ਡਾਇਲਿਸਿਸ ਯੂਨਿਟ ਚੁਨਣ ਲਈ ਚੈਕ-ਲਿਸਟ

Checklist for choosing a safe dialysis unit

ਇਸ ਚੈਕ-ਲਿਸਟ `ਚ ਅਜਿਹੇ ਸਵਾਲ ਸ਼ਾਮਲ ਹਨ ਜਿਹੜੇ ਤੁਹਾਨੂੰ ਆਪਣੇ ਆਪ ਤੋਂ ਜਾਂ ਡਾਇਲਿਸਿਸ ਯੂਨਿਟ ਸਟਾਫ਼ ਤੋਂ ਪੁੱਛਣੇ ਚਾਹੀਦੇ ਹਨ, ਤਾਂ ਜੋ ਇੰਫ਼ੈਕਸ਼ਨ ਦੇ ਫ਼ੈਲਣ ਤੋਂ ਬਚਿਆ ਜਾ ਸਕੇ।

ਸਫ਼ਰ ਕਰਨ ਤੋਂ ਘੱਟਘੱਟ 6 ਮਹੀਨੇ ਪਹਿਲਾਂ, ਆਪਣੇ ਪਰਿਵਾਰ ਦੇ ਜੀਅ ਜਾਂ ਦੋਸਤ ਨੂੰ ਮਿਲੋ (ਜੋ ਕਿ ਓਸ ਡਾਇਲਿਸਿਸ ਯੂਨਿਟ ਦੇ ਨੇੜੇ ਰਹਿੰਦਾ ਹੋਵੇ ਜਿੱਥੇ ਤੁਸੀਂ ਆਪਣਾ ਡਾਇਲਿਸਿਸ ਇਲਾਜ ਲਈ ਵਿਓਂਤ ਬਨਾ ਰਹੇ ਹੋ) ਅਤੇ ਹੇਠ ਲਿਖੇ ਸਵਾਲ ਪੁੱਛੋ।

ਕੀ ਭਾਲ ਕਰ

ਜਦੋਂ ਪਰਿਵਾਰ ਦਾ ਇੱਕ ਜੀਅ ਜਾਂ ਦੋਸਤ ਯੂਨਿਟ ਦਾ ਦੌਰਾ ਕਰਨ ਜਾਉਂਦਾ ਹੈ ਤਾਂ ਉਸਨੂੰ ਹੇਠ ਲਿਖੀ ਜਾਣਕਾਰੀ ਬਾਰੇ ਪਤਾ ਲਗਾਉਣਾ ਚਾਹੀਦਾ ਹੈ:

ਕੀ ਡਾਇਲਿਸਿਸ ਯੂਨਿਟ ਸਾਫ਼ ਅਤੇ ਅੱਛੀ ਰੱਖ-ਰਖਾਵ ਵਾਲਾ ਦਿਸਦਾ ਹੈ?

- ☐ ਫ਼ਰਸ਼ ਤੇ ਚੀਜ਼ਾਂ ਦਾ ਅਜਿਹਾ ਖਲੇਰਾ ਨਹੀਂ ਹੈ ਕਿ ਤੁਹਾਡੇ ਪੈਰ ਲੜਖੜਾ ਜਾਣ।
- ☐ ਯੂਨਿਟ ਸਾਫ਼-ਸੁਥਰਾ ਨਜ਼ਰ ਆਉਂਦਾ ਹੈ।
- ☐ ਫ਼ਰਸ਼ ਜਾਂ ਦੀਵਾਰਾਂ ਤੇ ਪੁਰਾਣੇ (ਤਰਲ) ਛਲਕਣ ਦੇ ਨਿਸ਼ਾਨ ਨਹੀਂ ਹਨ।

ਕੀ ਤੁਹਾਡੇ ਵਿਚਾਰ `ਚ ਓੱਥੇ ਓਨ੍ਹੀਂ ਰਸ਼ਨੀ ਹੈ ਤਾਂ ਕਿ ਸਟਾਫ਼ ਚੰਗੀ ਤਰ੍ਹਾਂ ਵੇਖ ਸਕੇ?

- ☐ ਡਾਇਲਿਸਿਸ ਕੈਥੇਟਰ ਜਾਂ ਸੂਈਆਨ਼ਾਲ ਕੰਮ ਕਰਨ ਵਾਲੇ ਸਟਾਫ਼ ਦੇ ਕੋਲ ਚੰਗੀ ਤਰ੍ਹਾਂ ਵੇਖਣ ਜੋਗ ਰੋਸ਼ਨੀ ਹੈ।

ਕੀ ਡਾਇਲਿਸਿਸ ਯੂਨਿਟ ਦੇ ਸਟਾਫ਼ ਆਪਣੇ ਹੱਥ ਧੋਂਦੇ ਹਨ?

ਲਿਕਵਿਡ ਸਾਬਣ ਅਤੇ ਪਾਣੀ ਨਾਲ ਹੱਥਾਂ ਦਾ ਧੋਣਾ ਜ਼ਰੂਰੀ ਹੈ:

- ☐ ਹਰ ਮਰੀਜ਼ ਦੀ ਦੇਖ਼ਭਾਲ ਤੋਂ ਪਹਿਲਾਂ
- ☐ ਹਰ ਮਰੀਜ਼ ਦੀ ਦੇਖ਼ਭਾਲ ਤੋਂ ਬਾਅਦ
- ☐ ਉਪਕਰਨਾਂ ਦੇ ਇਸਤੇਮਾਲ ਦੇ ਬਾਅਦ
- ☐ ਦਸਤਾਨੇ ਪਾਉਣ ਤੋਂ ਪਹਿਲਾਂ
- ☐ ਦਸਤਾਨੇ ਉਤਾਰਨ ਤੋਂ ਬਾਅਦ

ਕੀ ਡਾਇਲਿਸਿਸ ਯੂਨਿਟ `ਚ ਸਹੀ ਤਰ੍ਹਾਂ ਦੇ ਸਿੰਕ ਅਤੇ ਹੱਥ ਧਞ ਦਾ ਸਮਾਨ ਉਪਲਬਧ ਹੈ?

- ☐ ਸਾਫ਼ ਚਲਦਾ ਗਰਮ ਅਤੇ ਠੰਡਾ ਪਾਣੀ ਉਪਲਬਧ ਹੋਣਾ ਚਾਹੀਦਾ ਹੈ।
- ☐ ਅਲਕੋਹਲ ਵਾਲਾ ਹੱਥ ਸਾਫ਼ ਕਰਨ ਵਾਲਾ ਪਦਾਰਥ ਉਪਲਬਧ ਹੋਣਾ ਚਾਹੀਦਾ ਹੈ (ਹੈਂਡ ਕਲੀਨਿੰਗ ਜੈਲ)।
- ☐ ਲਿਕਵਿਡ ਸਾਬਣ ਅਤੇ ਕਾਗਜ਼ੀ ਤੌਲੀਏ ਉਪਲਬਧ ਹੋਣੇ ਚਾਹੀਦੇ ਹਨ।

ਇਸ ਦਸਤਾਵੇਜ਼ `ਚ ਦਿੱਤੀ ਸੂਚਨਾ ਸਿਰਫ਼ ਓਸੇ ਵਿਅਕਤੀ ਲਈ ਹੈ ਜਿਸ ਨੂੰ ਇਹ ਹੈਲਥ ਕੇਯਰ ਟੀਮ ਨੇ ਦਿੱਤੀ ਸੀ।

Print Shop #264141 (August 2013) Punjabi

ਇੱਕ ਸੁਰੱਖਿਅਤ ਡਾਇਲਸਿਸ ਯੂਨਿਟ ਚੁਨਣ ਲਈ ਚੈਕ-ਲਿਸਟ – *ਚਲਦਾ ਹੈ*

Checklist for choosing a safe dialysis unit – *continued*

☐ ਹੱਥ ਧੋਣ ਅਤੇ ਉਪਕਰਨ ਸਾਫ਼ ਕਰਨ ਲਈ ਅਲਗ ਅਲਗ ਸਿੰਕ ਹੋਣੇ ਚਾਹੀਦੇ ਹਨ।

ਕੀ ਡਾਇਲਸਿਸ ਯੂਨਿਟ ਸਟਾਫ਼ ਹਰ ਮਰੀਜ਼ ਲਈ ਸਾਫ਼ ਦਸਤਾਨੇ ਇਸਤੇਮਾਲ ਕਰਦਾ ਹੈ ?

☐ ਹਰ ਮਰੀਜ਼ ਦੀ ਦੇਖ਼ਭਾਲ ਤੋਂ ਬਾਅਦ ਸਟਾਫ਼ ਦਸਤਾਨੇ ਲਾਹ ਦਿੰਦੇ ਹਨ ਅਤੇ ਹੱਥ ਧੋਂਦੇ ਹਨ।

☐ ਸਟਾਫ਼ ਹਰ ਮਰੀਜ਼ ਦੀ ਦੇਖ਼ਭਾਲ ਤੋਂ ਪਹਿਲਾਂ ਸਾਫ਼ ਦਸਤਾਨੇ ਇਸਤੇਮਾਲ ਕਰਦੇ ਹਨ।

ਪੁੱਛਣ ਵਾਲੇ ਸਵਾਲ

ਇਸ ਭਾਗ 'ਚ ਓਹ ਸਵਾਲ ਸ਼ਾਮਲ ਹਨ ਜੋ ਕਿ ਤੁਸੀਂ ਇੰਫ਼ੈਕਸ਼ਨ ਨੂੰ ਫ਼ੈਲਣ ਤੋਂ ਰੋਕਣ ਬਾਰੇ ਪੁੱਛ ਸਕਦੇ ਹੋ।

☐ ਜਦੋਂ ਡਾਇਲਸਿਸ ਯੂਨਿਟ ਦਾ ਸਟਾਫ਼ ਖੰਘਦਾ ਹੈ ਜਾਂ ਬੀਮਾਰ ਹੁੰਦਾ ਹੈ, ਤਾਂ ਕੀ ਓਹ ਮਾਸਕ (ਨਕਾਬ) ਪਹਿਨਦੇ ਹਨ ?

☐ ਕੀ ਹਰ ਮਰੀਜ਼ ਲਈ ਨਵੇਂ ਉਪਕਰਨ ਜਿਵੇਂ ਸੂਈ, ਡਾਇਲਾਯਜ਼ਰ ਅਤੇ ਡਾਇਲਸਿਸ ਬ੍ਲਡ ਲਾਈਨਾਂ ਇਸਤੇਮਾਲ ਕੀਤੀਆਯਾਉਂਦੀਆਯਨ ?

☐ ਹਰੇਕ ਵਾਰ ਜਦੋਂ ਤੁਸੀਂ ਡਾਇਲਸਿਸ ਕਰਵਾਉਂਦੇ ਹੋ ਤਾਂ ਡਾਇਲਸਿਸ ਯੂਨਿਟ ਵਾਲੇ ਨੂੰ ਨਵਾਂ ਡਾਇਲਾਯਜ਼ਰ ਇਸਤੇਮਾਲ ਕਰਨ ਲਈ ਆਖੋ।

☐ ਸਟਾਫ਼ ਨੂੰ ਆਪਣੇ ਸਾਹਮਣੇ ਨਵੇਂ ਉਪਕਰਨਾਂ ਦੇ ਪੈਕਟ ਖੋਲਣ ਲਈ ਆਖੋ।

* ਤੁਹਾਨੂੰ ਕੈਨੇਡਾ ਮੁੜ ਪਰਤਨ ਤੇ ਹਰੇਕ ਇਲਾਜ ਲਈ ਇੱਕ ਨਿਯਤ ਰਾਸ਼ੀ ਦਿੱਤੀ ਜਾਵੇਗੀ ਜੇਕਰ ਤੁਹਾਡੇ ਕੋਲ ਰਸੀਦਾਂ ਅਤੇ ਇਲਾਜ ਦਾ ਰਿਕਾਰਡ ਹੋਵੇ।

ਇੰਫ਼ੈਕਸ਼ਨ ਨੂੰ ਰਕ਼ਣ ਦਾ ਸਭ ਤੋਂ ਅਹਿਮ ਤਰੀਕਾ ਹੈ ਕਿ ਹਰ ਡਾਇਲਸਿਸ ਇਲਾਜ ਦੇ ਵੇਲੇ ਨਵੇਂ ਉਪਕਰਨਾਂ ਦਾ ਇਸਤੇਮਾਲ ਕਰ□ਅਤੇ ਹਰ ਵਾਰ ਹੱਥ ਧਵ□।

ਕੀ ਹਰ ਇਸਤੇਮਾਲ ਦੇ ਬਾਅਦ ਸੂਈਆ□ਅਤੇ ਦਸਤਾਨਿਆ□ਨੂੰ ਸੁੱਟ ਦਿੱਤਾ ਜਾਉਂਦਾ ਹੈ ?

☐ ਸੂਈਆ□ਨੂੰ ਸ਼ਾਰਪਸ ਕੰਟੇਨਰ 'ਚ ਰੱਖ ਦੇਣਾ ਚਾਹੀਦਾ ਹੈ।

ਇੱਕ ਤੋਂ ਬਾਅਦ ਦੂਜੇ ਮਰੀਜ਼ ਦੇ ਇਸਤੇਮਾਲ ਤੋਂ ਪਹਿਲਾਂ ਡਾਇਲਸਿਸ ਮਸ਼ੀਨ ਨੂੰ ਕਿਸ ਤਰ੍ਹਾਂ ਸਾਫ਼ ਅਤੇ ਇੰਫ਼ੈਕਸ਼ਨ ਮੁਕਤ ਕੀਤਾ ਜਾਂਦਾ ਹੈ ?

☐ ਮਸ਼ੀਨ ਦੇ ਅੰਦਰਲੇ ਹਿੱਸੇ ਨੂੰ ਇੰਫ਼ੈਕਸ਼ਨ ਮੁਕਤ ਕੀਤਾ ਜਾਣਾ ਚਾਹੀਦਾ ਹੈ

☐ ਮਸ਼ੀਨ ਨੂੰ ਬਾਹਰਲੇ ਪਾਸੇ ਤੋਂ ਸਾਫ਼ ਕਰਨਾ ਚਾਹੀਦਾ ਹੈ